ਵੈਨਕੂਵਰ ਸਿਟੀ
ਪ੍ਰੈਸ ਰਿਲੀਜ਼
ਅਕਤੂਬਰ 15, 2025
Punjabi

# ਵੈਨਕੂਵਰ ਦੱਖਣੀ ਏਸ਼ੀਆਈ ਕੈਨੇਡੀਅਨਾਂ ਦਾ ਜਸ਼ਨ ਮਨਾਉਣ ਵਾਲੇ ਨਵੇਂ ਸੂਬਾਈ ਮਿਊਜ਼ੀਅਮ ਦਾ ਘਰ ਬਣਨਾ ਚਾਹੁੰਦਾ ਹੈ

ਵੈਨਕੂਵਰ ਸਿਟੀ ਅਤੇ ਭਾਈਚਾਰਕ ਭਾਗੀਦਾਰ ਮਾਣ ਨਾਲ ਇਸ ਵਿਚਾਰ ਦਾ ਸਮਰਥਨ ਕਰ ਰਹੇ ਹਨ ਕਿ ਵੈਨਕੂਵਰ ਇੱਕ ਨਵੇਂ ਸੂਬਾਈ ਮਿਊਜ਼ੀਅਮ ਦਾ ਘਰ ਬਣੇ, ਜੋ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਦੱਖਣੀ ਏਸ਼ੀਆਈ ਵਿਰਾਸਤ ਵਾਲੇ ਕਨੇਡੀਅਨਾਂ ਦੇ ਯੋਗਦਾਨਾਂ ਦਾ ਜਸ਼ਨ ਮਨਾਏਗਾ।

"ਵੈਨਕੂਵਰ ਇਸ ਇਤਿਹਾਸਕ ਸੰਸਥਾ ਦੀ ਮੇਜ਼ਬਾਨੀ ਕਰਨ ਲਈ ਇਕ ਵਿਲੱਖਣ ਸਥਿਤੀ ਵਿੱਚ ਹੈ, ਜੋ ਬ੍ਰਿਟਿਸ਼ ਕੋਲੰਬੀਆ ਦੇ ਜੀਵੰਤ ਦੱਖਣੀ ਏਸ਼ੀਆਈ ਕਨੇਡੀਅਨ ਸਮੂਹਾਂ ਦੀ ਵਿਰਾਸਤ ਅਤੇ ਪ੍ਰਭਾਵ ਦਾ ਸਨਮਾਨ ਕਰੇਗੀ," ਵੈਨਕੂਵਰ ਦੇ ਮੇਅਰ ਕੈੱਨ ਸਿਮ ਨੇ ਕਿਹਾ। "ਬ੍ਰਿਟਿਸ਼ ਕੋਲੰਬੀਆ ਵਿੱਚ ਦੱਖਣੀ ਏਸ਼ੀਆਈ ਬਸਤੀ ਦੇ ਇਤਿਹਾਸਕ ਕੇਂਦਰ ਅਤੇ ਕਨੇਡਾ ਦੇ ਮੁੱਖ ਸੈਰ-ਸਪਾਟਾ ਸਥਾਨਾਂ ਵਿੱਚੋਂ ਇੱਕ ਵਜੋਂ, ਸਾਡਾ ਸ਼ਹਿਰ ਅਤੀਤ ਨੂੰ ਪ੍ਰਤਿਬਿੰਬਤ ਕਰਨ, ਦੱਖਣੀ ਏਸ਼ੀਆਈ ਕੈਨੇਡੀਅਨਾਂ ਦੀਆਂ ਕਹਾਣੀਆਂ ਦਾ ਜਸ਼ਨ ਮਨਾਉਣ ਅਤੇ ਉਨ੍ਹਾਂ ਨੂੰ ਦੁਨੀਆ ਨਾਲ ਸਾਂਝਾ ਕਰਨ ਲਈ ਇਕ ਆਦਰਸ਼ ਮਾਹੌਲ ਪ੍ਰਦਾਨ ਕਰਦਾ ਹੈ।"

ਸਾਡੀ ਮਹੱਤਵਪੂਰਨ ਭੂਮਿਕਾ ਨੂੰ ਸਵੀਕਾਰਦੇ ਹੋਏ, 2024 ਵਿੱਚ ਮੇਅਰ ਅਤੇ ਕੌਂਸਲ ਨੇ ਸਰਬਸੰਮਤੀ ਨਾਲ ਮਿਊਜ਼ੀਅਮ ਦੇ ਸਮਰਥਨ ਵਿੱਚ ਪ੍ਰਸਤਾਵ ਪਾਸ ਕੀਤਾ, ਜਿਸ ਵਿੱਚ ਸਿਧਾਂਤਕ ਤੌਰ 'ਤੇ, ਵਿੱਤੀ ਅਤੇ ਪ੍ਰੋਜੈਕਟ ਸਮੀਖਿਆ ਦੇ ਅਧੀਨ, ਵੈਨਕੂਵਰ ਵਿੱਚ ਇੱਕ ਸਥਾਨ ਲਈ, ਜ਼ਮੀਨ ਸਮੇਤ, ਪੂੰਜੀ ਲਾਗਤ ਦਾ ਇੱਕ ਤਿਹਾਈ ਹਿੱਸੇ ਦਾ ਭੁਗਤਾਨ ਕਰਨ ਦੀ ਵਚਨਬੱਧਤਾ ਦਿੱਤੀ ਗਈ।

ਵੈਨਕੂਵਰ ਸਿਟੀ, ਇਸ ਮਹੱਤਵਪੂਰਨ ਪ੍ਰੋਜੈਕਟ ਦੇ ਪ੍ਰਤੀ ਵਚਨਬੱਧਤਾ ਵਿੱਚ, ਬ੍ਰਿਟਿਸ਼ ਕੋਲੰਬੀਆ ਸੂਬੇ ਅਤੇ ਸੈਰ-ਸਪਾਟਾ, ਕਲਾ, ਸੱਭਿਆਚਾਰ ਅਤੇ ਖੇਡ ਮੰਤਰਾਲੇ (Ministry of Tourism, Arts, Culture and Sport) ਦੀ ਅਗਵਾਈ ਅਤੇ ਦੂਰਦਰਸ਼ਤਾ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹੈ। ਸੂਬੇ ਨੇ ਅਪ੍ਰੈਲ ਵਿੱਚ ਭਾਈਚਾਰਕ ਜਨ-ਸੰਪਰਕ ਪ੍ਰਕਿਰਿਆ ਪੂਰੀ ਕੀਤੀ ਸੀ ਅਤੇ ਉਮੀਦ ਹੈ ਕਿ ਜਲਦੀ ਹੀ ਆਪਣੇ ਅਗਲੇ ਕਦਮਾਂ ਦੀ ਘੋਸ਼ਣਾ ਕਰੇਗਾ।

## ਵੈਨਕੂਵਰ ਸਹੀ ਚੋਣ ਕਿਉਂ ਹੈ

ਬ੍ਰਿਟਿਸ਼ ਕੋਲੰਬੀਆ ਦੇ ਪ੍ਰਮੁੱਖ ਸੈਰ-ਸਪਾਟਾ ਅਤੇ ਆਵਾਜਾਈ ਕੇਂਦਰ ਵਜੋਂ, ਵੈਨਕੂਵਰ ਹਰ ਸਾਲ ਲੱਖਾਂ ਖੇਤਰੀ ਅਤੇ ਅੰਤਰਰਾਸ਼ਟਰੀ ਸੈਲਾਨੀਆਂ ਦਾ ਸੁਆਗਤ ਕਰਦਾ ਹੈ। ਇੱਥੇ ਇਹ ਮਿਊਜ਼ੀਅਮ ਦੱਖਣੀ ਏਸ਼ੀਆਈ ਕਨੇਡੀਅਨਾਂ ਦੀਆਂ ਕਹਾਣੀਆਂ ਨੂੰ ਵਿਸ਼ਵ ਪੱਧਰ ਦੇ ਦਰਸ਼ਕਾਂ ਤੱਕ ਪਹੁੰਚਾਏਗਾ ਅਤੇ ਸਥਾਨਕ ਭਾਈਚਾਰੇ ਲਈ ਇੱਕ ਜੋਸ਼ ਭਰੀ ਅਤੇ ਸਮਾਵੇਸ਼ੀ ਥਾਂ ਵਜੋਂ ਕੰਮ ਕਰੇਗਾ, ਜਿੱਥੇ ਲੋਕ ਇਕੱਠੇ ਹੋ ਸਕਣ, ਜਸ਼ਨ ਮਨਾ ਸਕਣ ਅਤੇ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕਰ ਸਕਣ।

ਦੱਖਣੀ ਏਸ਼ੀਆਈ ਭਾਈਚਾਰੇ 120 ਸਾਲਾਂ ਤੋਂ ਵੱਧ ਸਮੇਂ ਤੋਂ ਵੈਨਕੂਵਰ ਦੀ ਪਛਾਣ, ਅਰਥ-ਵਿਵਸਥਾ ਅਤੇ ਸੱਭਿਆਚਾਰ ਨੂੰ ਆਕਾਰ ਦੇਣ ਵਿੱਚ ਇਕ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ:

- ਵੈਨਕੂਵਰ ਬ੍ਰਿਟਿਸ਼ ਕੋਲੰਬੀਆ ਦੇ ਉਹਨਾਂ ਪਹਿਲੇ ਸਥਾਨਾਂ ਵਿੱਚੋਂ ਇੱਕ ਸੀ, ਜਿੱਥੇ ਦੱਖਣੀ ਏਸ਼ੀਆਈ ਲੋਕ ਆ ਕੇ ਵਸੇ ਸਨ, ਅਤੇ ਇਸਨੇ ਭਾਈਚਾਰੇ ਦੇ ਇਤਿਹਾਸ ਵਿੱਚ ਇਕ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ।
- ਵੈਨਕੂਵਰ ਵਿੱਚ ਉੱਤਰੀ ਅਮਰੀਕਾ ਦਾ ਪਹਿਲਾ ਭਾਈਚਾਰਕ ਮਲਕੀਅਤ ਵਾਲਾ ਗੁਰਦੁਆਰਾ ਬਣਾਇਆ ਗਿਆ ਸੀ, ਜੋ ਪਹਿਲਾਂ ਕਿਟਸਿਲੈਨੋ ਵਿੱਚ ਸਥਿਤ ਸੀ।
- ਇਸ ਸ਼ਹਿਰ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਪਹਿਲੀ ਮਸਜਿਦ, ਅਲ-ਜਾਮੀਆ ਅਲ-ਮਸਜਿਦ, ਵੀ ਹੈ।
- ਇਤਿਹਾਸਕ ਪੰਜਾਬੀ ਮਾਰਕੀਟ ਉੱਤਰੀ ਅਮਰੀਕਾ ਦੀ ਪਹਿਲਾ 'ਲਿਟਲ ਇੰਡੀਆ' ਹੈ ਅਤੇ ਵੈਨਕੂਵਰ ਦਾ ਇੱਕ ਮਹੱਤਵਪੂਰਨ ਸੱਭਿਆਚਾਰਕ ਕੇਂਦਰ ਹੈ।
- ਵੈਨਕੂਵਰ ਕਈ ਇਤਿਹਾਸਕ ਘਟਨਾਵਾਂ ਦਾ ਸਥਾਨ ਰਿਹਾ ਹੈ, ਜਿਵੇਂ ਕਿ ਗੁਰੂ ਨਾਨਕ ਜਹਾਜ਼ ਦੁੱਖਾਂਤ, ਜੋ ਅੱਜ ਵੀ ਕੈਨੇਡਾ ਅਤੇ ਦੁਨੀਆ ਭਰ ਵਿੱਚ ਲੋਕਾਂ ਦੇ ਮਨਾਂ ਵਿੱਚ ਗੂੰਜਦਾ ਹੈ।
- ਦੱਖਣੀ ਏਸ਼ੀਆਈ ਕਨੇਡੀਅਨ ਭਾਈਚਾਰੇ ਵੈਨਕੂਵਰ ਵਿੱਚ ਲਗਾਤਾਰ ਵੱਧ ਰਹੇ ਹਨ ਅਤੇ ਖੁਸ਼ਹਾਲ ਹੋ ਰਹੇ ਹਨ, ਅਤੇ ਉਹ ਇਸ ਸ਼ਹਿਰ ਦੇ ਜੋਸ਼ ਅਤੇ ਪਛਾਣ ਦਾ ਅਟੁੱਟ ਹਿੱਸਾ ਹਨ।

ਇਸ ਤੋਂ ਇਲਾਵਾ, ਵੈਨਕੂਵਰ ਸਿਟੀ ਦੱਖਣੀ ਏਸ਼ੀਆਈ ਕਨੇਡੀਅਨ ਭਾਈਚਾਰੇ ਨੂੰ ਉੱਪਰ ਚੁੱਕਣ ਲਈ ਸਮਰਪਿਤ ਹੈ ਅਤੇ ਵਰਤਮਾਨ ਵਿੱਚ ਭਾਈਚਾਰੇ ਨਾਲ ਮਿਲ ਕੇ ਇਤਿਹਾਸਕ ਵਿਤਕਰੇ ਅਤੇ ਅੱਜ ਤੱਕ ਦੇ ਪ੍ਰਭਾਵਾਂ ਨੂੰ ਦੂਰ ਕਰਨ ਲਈ ਸਿਫ਼ਾਰਸ਼ਾਂ ਤਿਆਰ ਕਰ ਰਿਹਾ ਹੈ। 2025 ਵਿੱਚ ਕੀਤਾ ਗਿਆ ਜਨ-ਸੰਪਰਕ ਦਿਖਾਉਂਦਾ ਹੈ ਕਿ ਵੈਨਕੂਵਰ ਵਿੱਚ ਦੱਖਣੀ ਏਸ਼ੀਆਈ ਸੱਭਿਆਚਾਰ ਦਾ ਜਸ਼ਨ ਮਨਾਉਣ ਵਾਸਤੇ ਇੱਕ ਸਥਾਈ ਸਥਾਨ ਸਥਾਪਤ ਕਰਨ ਨੂੰ ਲੈ ਕੇ ਬਹੁਤ ਉਤਸ਼ਾਹ ਹੈ।

ਵੈਨਕੂਵਰ ਮਿਊਜ਼ੀਅਮ ਲਈ ਸਹੀ ਚੋਣ ਕਿਉਂ ਹੈ, ਇਸ ਬਾਰੇ ਹੋਰ ਜਾਣਕਾਰੀ ਲਈ vancouver.ca/south-asian-museum 'ਤੇ ਜਾਓ।

## ਭਾਈਚਾਰਕ ਸਮਰਥਨ ਦੀਆਂ ਆਵਾਜ਼ਾਂ

ਵੈਨਕੂਵਰ ਭਰ ਦੇ ਭਾਈਚਾਰਕ ਨੇਤਾ ਅਤੇ ਭਾਈਵਾਲ ਆਪਣਾ ਸਮਰਥਨ ਦਿਖਾ ਰਹੇ ਹਨ:

> "ਵੈਨਕੂਵਰ ਦੀ ਕਹਾਣੀ ਨੂੰ ਸਾਡੇ ਵਿਵਿਧ ਭਾਈਚਾਰਿਆਂ ਦੀਆਂ ਆਵਾਜ਼ਾਂ ਅਤੇ ਇਤਿਹਾਸ ਨੇ ਹੋਰ ਵੀ ਸ਼ਾਨਦਾਰ ਬਣਾਇਆ ਹੈ। ਹਰ ਸਾਲ 9 ਮਿਲੀਅਨ ਤੋਂ ਵੱਧ ਸੈਲਾਨੀਆਂ ਦੇ ਨਾਲ, ਅਤੇ ਬ੍ਰਿਟਿਸ਼ ਕੋਲੰਬੀਆ ਦੇ ਬਾਕੀ ਹਿੱਸਿਆਂ ਵੱਲ ਜਾਣ ਵਾਲੇ ਦਰਵਾਜ਼ੇ ਵਜੋਂ, ਵੈਨਕੂਵਰ ਉਹ ਆਦਰਸ਼ ਥਾਂ ਹੈ ਜਿੱਥੇ ਇੱਕ ਨਵਾਂ ਮਿਊਜ਼ੀਅਮ ਬਣ ਸਕੇ ਜੋ ਉਹਨਾਂ ਦੱਖਣੀ ਏਸ਼ੀਆਈ ਕਨੇਡੀਅਨਾਂ ਦੀਆਂ ਕਹਾਣੀਆਂ ਨੂੰ ਉੱਚਾ ਚੁੱਕੇ ਜਿਨ੍ਹਾਂ ਨੇ ਸਾਡੇ ਸੂਬੇ ਨੂੰ ਆਕਾਰ ਦਿੱਤਾ ਹੈ। ਇਹ ਸਾਡੇ ਸੈਰ-ਸਪਾਟਾ ਖੇਤਰ ਵਿੱਚ ਇੱਕ ਸ਼ਕਤੀਸ਼ਾਲੀ ਵਾਧਾ ਹੋਵੇਗਾ ਅਤੇ ਮਿਊਜ਼ੀਅਮ ਨੂੰ ਸ਼ਹਿਰ ਦੇ ਮੌਜੂਦਾ ਸੈਰ-ਸਪਾਟਾ ਬੁਨਿਆਦੀ ਢਾਂਚੇ, ਭਾਈਵਾਲੀਆਂ ਅਤੇ ਵਿਸ਼ਵ-ਵਿਆਪੀ ਆਕਰਸ਼ਣ ਤੋਂ ਲਾਭ ਮਿਲੇਗਾ।"
> – ਰੋਇਸ ਚਵਿਨ (Royce Chwin), ਪ੍ਰੈਜ਼ੀਡੈਂਟ ਅਤੇ CEO, ਡੈਸਟਿਨੇਸ਼ਨ ਵੈਨਕੂਵਰ

> "ਵੈਨਕੂਵਰ ਸਭ ਤੋਂ ਸਹੀ ਥਾਂ ਹੈ ਜਿੱਥੇ ਇੱਕ ਅਜਿਹਾ ਮਿਊਜ਼ੀਅਮ ਬਣਾਇਆ ਜਾਵੇ ਜੋ ਉਹਨਾਂ ਸ਼ੁਰੂਆਤੀ ਦੱਖਣੀ ਏਸ਼ੀਆਈ ਵਸਣ ਵਾਲਿਆਂ ਦੀ ਵਿਰਾਸਤ ਦਾ ਸਨਮਾਨ ਕਰੇ ਜਿਨ੍ਹਾਂ ਨੇ ਇਸ ਸ਼ਹਿਰ ਦੇ ਤਾਣੇ-ਬਾਣੇ ਅਤੇ ਸਾਡੇ ਸਾਂਝੇ ਇਤਿਹਾਸ ਦੇ ਨਿਰਣਾਇਕ ਪਲਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਹ ਇੱਕ ਅਰਥਪੂਰਨ ਸਥਾਨ ਹੋਵੇਗਾ ਜਿੱਥੇ ਅਸੀਂ ਆਪਣੇ ਸੱਭਿਆਚਾਰਾਂ, ਕਹਾਣੀਆਂ ਅਤੇ ਯੋਗਦਾਨਾਂ ਨੂੰ ਸਥਾਨਕ ਅਤੇ ਵਿਸ਼ਵ ਪੱਧਰ ਤੇ ਉੱਚਾ ਚੁੱਕ ਸਕੀਏ। ਇਹ ਮਿਊਜ਼ੀਅਮ ਸਾਡੇ ਪੂਰਵਜਾਂ ਲਈ ਸ਼ਰਧਾਂਜਲੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਪ੍ਰਤੀਕ ਹੋਵੇਗਾ।"

– ਵਾਲੀ ਓਪਲ (Wally Oppal), ਸਾਬਕਾ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਜੱਜ ਅਤੇ ਭਾਈਚਾਰਕ ਵਕੀਲ

"ਇਹ ਮਿਊਜ਼ੀਅਮ ਅਤੀਤ ਦਾ ਸਨਮਾਨ ਕਰੇਗਾ ਅਤੇ ਜਸ਼ਨ, ਸਿੱਖਿਆ ਅਤੇ ਸੰਬੰਧ ਬਣਾਉਣ ਲਈ ਸਥਾਈ ਸਥਾਨ ਤਿਆਰ ਕਰੇਗਾ — ਕੁਝ ਅਜਿਹਾ ਜਿਸਦੀ ਵੈਨਕੂਵਰ ਦੇ ਦੱਖਣੀ ਏਸ਼ੀਆਈ ਕਨੇਡੀਅਨ ਭਾਈਚਾਰੇ ਵੱਲੋਂ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਇਹ ਇੱਕ ਸ਼ਕਤੀਸ਼ਾਲੀ ਪ੍ਰਤੀਕ ਹੋਵੇਗਾ ਜਦੋਂ ਸਾਡੀਆਂ ਕਹਾਣੀਆਂ ਵੈਨਕੂਵਰ ਦੀਆਂ ਹੋਰ ਮਹੱਤਵਪੂਰਨ ਸੱਭਿਆਚਾਰਕ ਅਤੇ ਸੈਰ-ਸਪਾਟਾ ਸੰਸਥਾਵਾਂ ਨਾਲ ਮਿਲ ਕੇ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ।"
– ਪਾਲ ਬੀਸਲਾ (Pall Beesla), ਡਾਇਰੈਕਟਰ, ਕਮਿਊਨਿਟੀ ਪਾਰਟਨਰਸ਼ਿਪਸ, ਪੰਜਾਬੀ ਮਾਰਕੀਟ ਕਲੈਕਟਿਵ

"ਦੱਖਣੀ ਏਸ਼ੀਆਈ ਵਿਰਾਸਤ ਵਾਲੇ ਕਨੇਡੀਅਨਾਂ ਦਾ ਮਿਊਜ਼ੀਅਮ ਵੈਨਕੂਵਰ ਵਿੱਚ ਹੀ ਹੋਣਾ ਚਾਹੀਦਾ ਹੈ, ਉਹ ਸ਼ਹਿਰ ਜੋ ਬ੍ਰਿਟਿਸ਼ ਕੋਲੰਬੀਆ ਵਿੱਚ ਦੱਖਣੀ ਏਸ਼ੀਆਈ ਇਤਿਹਾਸ ਦਾ ਕੇਂਦਰ ਰਿਹਾ ਹੈ। ਮੇਲ-ਮਿਲਾਪ ਅਤੇ ਦੱਖਣੀ ਏਸ਼ੀਆਈ ਲੋਕਾਂ ਦੀਆਂ ਆਵਾਜ਼ਾਂ ਨੂੰ ਉੱਪਰ ਚੁੱਕਣ ਦੀ ਸਿਟੀ ਦੀ ਵਚਨਬੱਧਤਾ ਇਸ ਮਹੱਤਵਪੂਰਨ ਭਾਈਚਾਰੇ ਦਾ ਮਹੱਤਵ ਦਰਸਾਉਂਦੀ ਹੈ। ਵੈਨਕੂਵਰ ਦੀ ਕੇਂਦਰੀ ਸਥਿਤੀ ਇਸਨੂੰ ਇਸ ਮਿਊਜ਼ੀਅਮ ਲਈ ਆਦਰਸ਼ ਥਾਂ ਬਣਾਉਂਦੀ ਹੈ, ਜਿੱਥੇ ਬ੍ਰਿਟਿਸ਼ ਕੋਲੰਬੀਆ ਅਤੇ ਦੁਨੀਆ ਭਰ ਤੋਂ ਆਉਣ ਵਾਲੇ ਸੈਲਾਨੀ ਦੱਖਣੀ ਏਸ਼ੀਆਈ ਵਿਰਾਸਤ ਬਾਰੇ ਜਾਣ ਸਕਣਗੇ ਅਤੇ ਇਸਦਾ ਜਸ਼ਨ ਮਨਾ ਸਕਣਗੇ।"
– ਹੁਮਨਾ ਕਾਹਨ (Humna Kahn), ਵਿਦਿਆਰਥਣ, ਮਾਸਟਰਜ਼ ਆਫ ਕਮਿਊਨਿਟੀ ਐਂਡ ਰੀਜਨਲ ਪਲੈਨਿੰਗ

## ਆਪਣੀ ਰਾਇ ਦਿਓ!

ਕੀ ਤੁਸੀਂ ਚਾਹੁੰਦੇ ਹੋ ਕਿ ਨਵਾਂ ਮਿਊਜ਼ੀਅਮ ਵੈਨਕੂਵਰ ਵਿੱਚ ਬਣਾਇਆ ਜਾਵੇ? ਤੁਸੀਂ ਆਪਣਾ ਸਮਰਥਨ ਦਿਖਾਉਣ ਲਈ ਮਾਨਯੋਗ ਐਨ ਕੈਂਗ (Anne Kang), ਸੈਰ-ਸਪਾਟਾ, ਕਲਾ, ਸੱਭਿਆਚਾਰ ਅਤੇ ਖੇਡ ਮੰਤਰੀ (Minister of Tourism, Arts, Culture and Sport)
ਨੂੰ TACS.Minister@gov.bc.ca 'ਤੇ ਅਤੇ ਆਪਣੇ MLA ਨੂੰ ਈਮੇਲ ਭੇਜ ਸਕਦੇ ਹੋ। ਇੱਥੇ ਕਲਿੱਕ ਕਰਕੇ ਸਾਡੇ ਫ਼ਾਰਮ ਪੱਤਰ ਦਾ ਇਸਤੇਮਾਲ ਕਰੋ।

--- ਸਮਾਪਤ ---

## ਕਿਰਪਾ ਕਰਕੇ ਧਿਆਨ ਦਿਓ:

1. ਮਿਊਜ਼ੀਅਮ ਦੇ ਅੰਤਿਮ ਨਾਮ ਦੀ ਪੁਸ਼ਟੀ ਹਾਲੇ ਸੂਬੇ ਵੱਲੋਂ ਨਹੀਂ ਕੀਤੀ ਗਈ ਹੈ। ਹੋਰ ਵੇਰਵਿਆਂ ਲਈ, ਇੱਥੇ ਜਾਓ: ਦੱਖਣੀ ਏਸ਼ੀਆਈ ਵਿਰਾਸਤ ਵਾਲੇ ਕਨੇਡੀਅਨਾਂ ਦਾ ਬੀ.ਸੀ. ਮਿਊਜ਼ੀਅਮ – govTogetherBC

2. ਅਸੀਂ ਮੰਨਦੇ ਹਾਂ ਕਿ ਹਰ ਕੋਈ ਆਪਣੇ ਆਪ ਨੂੰ "ਦੱਖਣੀ ਏਸ਼ੀਆਈ ਕਨੇਡੀਅਨ" ਸ਼ਬਦ ਨਾਲ ਨਹੀਂ ਜੋੜਦਾ। ਸਿਟੀ ਇਸ ਸਮੇਂ ਇਹ ਸ਼ਬਦ ਕਿਉਂ ਵਰਤਦਾ ਹੈ, ਇਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਦੱਖਣੀ ਏਸ਼ੀਆਈ ਕਨੇਡੀਅਨ ਐਨਗੇਜਮੈਂਟ ਪੰਨੇ 'ਤੇ ਦਿੱਤੇ FAQ (ਅਕਸਰ ਪੁੱਛੇ ਜਾਣ ਵਾਲੇ ਸਵਾਲ) ਵੇਖੋ।

**ਮੀਡੀਆ ਸੰਪਰਕ:**
ਸਿਵਿਕ ਇੰਗੇਜਮੈਂਟ ਐਂਡ ਕਮਿਊਨਿਕੇਸ਼ਨ
media@vancouver.ca